# Universalization of the Membership of the International Solar Alliance (ISA)

July 31, 2020

## ਅੰਤਰਰਾਸ਼ਟਰੀ ਸੂਰਜੀ ਗਠਜੋੜ (ISA) ਦੀ ਸਦੱਸਤਾ ਦਾ ਸਰਬ-ਵਿਆਪੀਕਰਨ

31 ਜੁਲਾਈ, 2020

1. ਅੰਤਰਰਾਸ਼ਟਰੀ ਸੂਰਜੀ ਗਠਜੋੜ ਪੈਰਿਸ ਵਿਚ ਹੋਈ COP21 ਦੌਰਾਨ ਭਾਰਤ ਦੇ ਮਾਨਯੋਗ ਪ੍ਰਧਾਨ ਮੰਤਰੀ ਅਤੇ ਫਰਾਂਸ ਦੇ ਰਾਸ਼ਟਰਪਤੀ ਨੇ ਸਾਂਝੇ ਤੌਰ ਤੇ ਸ਼ੁਰੂ ਕੀਤਾ ਸੀ। ਇਸਦਾ ਮਕਸਦ ਸੂਰਜੀ ਓਰਜਾ ਦੇ ਤੇਜ਼ ਅਤੇ ਵੱਡੇ ਪੱਧਰ ਤੇ ਇਸਤੇਮਾਲ ਨਾਲ ਪੈਰਿਸ ਜਲਵਾਯੂ ਸਮਝੌਤੇ ਨੂੰ ਲਾਗੂ ਕਰਨ ਵਿਚ ਹਿੱਸਾ ਪਾਉਣਾ ਹੈ। 30 ਜੁਲਾਈ, 2020 ਤੱਕ 87 ਦੇਸ਼ਾਂ ਨੇ ISA ਦੇ ਫ਼੍ਰੇਮਵਰਕ ਸਮਝੌਤੇ 'ਤੇ ਹਸਤਾਖਰ ਕੀਤੇ ਹਨ ਅਤੇ ਇਨ੍ਹਾਂ ਵਿਚੋਂ 67 ਦੇਸ਼ਾਂ ਨੇ ਇਸਦੀ ਤਸਦੀਕ ਕੀਤੇ ਜਾਣ ਸੰਬੰਧੀ ਆਪਣੇ ਕਾਗ਼ਜ਼ਾਤ ਜਮ੍ਹਾ ਕਰਵਾ ਦਿੱਤੇ ਹਨ।

2. ਅੰਤਰਰਾਸ਼ਟਰੀ ਸੂਰਜੀ ਗੱਠਜੋੜ ਦੀ ਸਦੱਸਤਾ ਦਾ ਗਰਮ ਦੇਸ਼ਾਂ ਤੋਂ ਛੁੱਟ ਸਰਬ-ਵਿਆਪੀਕਰਨ ਕਰਨ ਵਾਸਤੇ ਭਾਰਤ ਦੇ ਮਾਨਯੋਗ ਪ੍ਰਧਾਨ ਮੰਤਰੀ ਦੇ ਦ੍ਰਿਸ਼ਟੀਕੋਣ ਅਨੁਸਾਰ 3 ਅਕਤੂਬਰ 2018 ਨੂੰ ਹੋਈ ISA ਦੀ ਪਹਿਲੀ ਜਨਰਲ ਅਸੈਂਬਲੀ ਅੰਦਰ ਅੰਤਰਰਾਸ਼ਟਰੀ ਸੂਰਜੀ ਗਠਜੋੜ ਦੀ ਸਥਾਪਨਾ ਬਾਰੇ ਫ਼੍ਰੇਮਵਰਕ ਸਮਝੌਤੇ 'ਚ ਬਦਲਾਅ ਕਰਨ ਸੰਬੰਧੀ ਤਜਵੀਜ਼ ਨੂੰ ਮੰਜ਼ੂਰੀ ਦਿੱਤੀ ਗਈ, ਜਿਸ ਦੇ ਸਿੱਟੇ ਵਜੋਂ ਇਸਦੇ ਵਧੇ ਹੋਏ ਦਾਇਰੇ ਵਿੱਚ ਸੰਯੁਕਤ ਰਾਸ਼ਟਰ ਦੇ ਸਾਰੇ ਮੈਂਬਰ ਦੇਸ਼ ਵੀ ISA ਦੇ ਮੈਂਬਰ ਬਣ ਸਕਣਗੇ।

3. ਫ਼੍ਰੇਮਵਰਕ ਸਮਝੌਤੇ ਅਨੁਸਾਰ ਲੋੜੀਂਦੀ ਗਿਣਤੀ ਵਿੱਚ ISA ਦੇ ਮੈਂਬਰਾਂ ਤੋਂ ਤਸਦੀਕ/ ਪ੍ਰਵਾਨਗੀ / ਮੰਜ਼ੂਰੀ ਮਿਲਣ ਤੋਂ ਬਾਅਦ ਉਪਰੋਕਤ ਸੰਸ਼ੋਧਨ 15 ਜੁਲਾਈ, 2020 ਨੂੰ ਲਾਗੂ ਹੋ ਗਿਆ ਹੈ। ISA ਫ਼੍ਰੇਮਵਰਕ ਸਮਝੌਤੇ ਵਿੱਚ ਸੰਸ਼ੋਧਨ ਹੋਣ ਦੇ ਸਿੱਟੇ ਵਜੋਂ ਹੁਣ ਗਰਮ ਦੇਸ਼ਾਂ ਤੋਂ ਛੁੱਟ ਸੰਯੁਕਤ ਰਾਸ਼ਟਰ ਦੇ ਹੋਰ ਸਾਰੇ ਮੈਂਬਰ ਦੇਸ਼ਾਂ ਨੂੰ ਅੰਤਰਰਾਸ਼ਟਰੀ ਸੂਰਜੀ ਗਠਜੋੜ ਵਿੱਚ ਸ਼ਾਮਲ ਹੋਣ ਦੀ ਆਗਿਆ ਹੋਵੇਗੀ।

ISA ਦਾ ਉਦੇਸ਼ ਹੈ - ਤਕਨਾਲੋਜੀ, ਵਿੱਤ ਅਤੇ ਸਮਰੱਥਾ ਦੇ ਪੱਖੋਂ ਸੂਰਜੀ ਊਰਜਾ ਦੇ ਵੱਡੇ ਪੱਧਰ 'ਤੇ ਇਸਤੇਮਾਲ ਦੀ ਰਾਹ 'ਚ ਆ ਰਹੀਆਂ ਮੁੱਖ ਆਮ ਰੁਕਾਵਟਾਂ ਦਾ ਸਮੂਹਕ ਪ੍ਰਤੀਕਰਮ ਦੇਣ ਲਈ ਦੇਸ਼ਾਂ ਨੂੰ ਇੱਕੋ ਜਗ੍ਹਾ ਲਿਆਉਣਾ। ISA ਦਾ ਮਕਸਦ ਹੈ - ਮੈਂਬਰ ਦੇਸ਼ਾਂ ਨੂੰ ਲਾਮਬੰਦ ਕਰਨਾ, ਅੰਤਰਰਾਸ਼ਟਰੀ ਸੰਗਠਨਾਂ ਤੋਂ ਵਚਨਬੱਧਤਾ ਹਾਸਲ ਕਰਨਾ ਅਤੇ ਨਿਜੀ ਖੇਤਰ ਨੂੰ ਲਾਮਬੰਦ ਕਰਨਾ, ਪਿੰਡਾਂ ਅੰਦਰ ਅਤੇ ਵਿਕੇਂਦਰੀਕ੍ਰਿਤ ਪ੍ਰਯੋਗਾਂ ਨੂੰ ਸਮਰਥਨ ਦੇਣਾ, ਕਿਫਾਇਤੀ ਕਰਜ਼ੇ ਤਕ ਪਹੁੰਚ ਪ੍ਰਦਾਨ ਕਰਨਾ, ਆਈਲੈਂਡ ਅਤੇ ਪਿੰਡ ਪੱਧਰ ਦੀਆਂ ਸੋਲਰ ਮਿੰਨੀ ਗਰਿੱਡਾਂ, ਛੱਤ ਉਪਰ ਸਥਾਪਤ ਕੀਤੇ ਜਾਣ ਵਾਲੇ ਉਪਕਰਨ ਅਤੇ ਸੋਲਰ ਈ-ਮੋਬਿਲਿਟੀ ਤਕਨਾਲੋਜੀਆਂ।

ਨਵੀਂ ਦਿਲੀ
31 ਜੁਲਾਈ, 2020

DISCLAIMER : This is an approximate translation. The original is available in English on MEA's website and may be referred to as the official press release.